# ਵਿਰਾਸਤ ਫਾਊਂਡੇਸ਼ਨ ਵਲੋਂ ਸੰਗੀਤ ਵਿਦਵਾਨ ਡਾ. ਅਜੀਤ ਸਿੰਘ ਪੈਂਤਲ ਦਾ ਸੰਗੀਤ ਦੇ ਵਿਸ਼ੇ ਉੱਤੇ ਇਕ ਬੇ-ਮਿਸਾਲ ਯਾਦਗਾਰੀ ਪ੍ਰੋਗਰਾਮ।

12 ਫਰਵਰੀ ਦਿਨ ਐਤਵਾਰ ਨੂੰ ਤਿੰਨ ਸੌ ਤੋਂ ਵੱਧ ਸਰੋਤਿਆਂ ਦੀ ਭਰਵੀਂ ਹਾਜ਼ਰੀ ਵਿਚ ਰਵੀ ਬੈਂਕੁਇਟ ਹਾਲ ਵਿਚ ਦਿਨ ਦੇ ਢਾਈ ਵਜੇ ਵਿਰਾਸਤ ਫਾਊਂਡੇਸ਼ਨ ਵਲੋਂ ਡਾ. ਅਜੀਤ ਸਿੰਘ ਪੈਂਤਲ ਦਾ ਸੰਗੀਤ ਦੇ ਵਿਸ਼ੇ ਉੱਤੇ ਇਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ।ਜਿਸ ਵਿਚ  ਸੰਗੀਤ ਬਾਰੇ ਭਰਪੂਰ ਜਾਣਕਾਰੀ ਲੈਕਚਰ ਦੇ ਨਾਲ ਨਾਲ ਪੰਜਾਬ ਦੀ ਹਿੰਦੁਸਤਾਨ ਦੇ ਸੰਗੀਤ ਨੂੰ ਦੇਣ ਬਾਰੇ ਸਾਡੇ ਬਜ਼ੁਰਗਾਂ ਦੀਆਂ ਗਾਇਕੀ ਦੀਆਂ ਰੀਤਾਂ ਦੀ ਗੱਲ ਹੋਈ। ਪੁਰਾਣੀਆਂ ਬੰਦਸ਼ਾਂ ਨੂੰ ਵੱਖ ਵੱਖ ਰਾਗਾਂ ਦੀ ਖਿਆਲ ਗਾਇਕੀ ਵਿਚ ਗਾ ਕੇ ਸੰਗੀਤ ਵਿਦਵਾਨ ਡਾ. ਅਜੀਤ ਸਿੰਘ ਪੈਂਤਲ ਨੇ  ਲੋਕਾਂ ਤੇ ਸੰਗੀਤ ਪ੍ਰੇਮੀਆਂ ਤੋਂ ਵਾਹ ਵਾਹ ਖੱਟੀ। ਇਹ ਇਕ ਬਹੁਤ ਹੀ ਜਾਣਕਾਰੀ ਭਰਪੂਰ ਪ੍ਰੋਗਰਾਮ ਸੀ ਅਤੇ ਪੈਂਤਲ ਸਾਹਿਬ ਦੀ ਪੇਸ਼ਕਾਰੀ ਅਤੇ ਗਿਆਨ ਦੀ ਸਮੂਹ ਸਰੋਤਿਆਂ ਨੇ ਪ੍ਰਸੰਸਾ ਕੀਤੀ।ਡਾ. ਅਜੀਤ ਸਿੰਘ ਪੈਂਤਲ ਇਕ ਉੱਚ ਕੋਟੀ ਦੇ ਵਿਦਵਾਨ ਹਨ ਜਿਨ੍ਹਾਂ ਨੇ ਹਿੰਦੁਸਤਾਨ ਵਿਚ ਸੰਗੀਤ ਦੀ ਵਿਦਿਆ **ਆਗਰਾ ਘਰਾਨੇ ਦੇ ਉੱਚ ਕੋਟੀ ਦੇ ਵਿਦਵਾਨ ਡਾ.  ਰਤਨਜੰਕਰ** ਅਤੇ **ਇੰਦੌਰ ਘਰਾਨੇ ਦੇ ਉੱਚ ਕੋਟੀ ਦੇ ਉਸਤਾਦ ਅਮੀਰ ਖਾਨ ਸਾਹਿਬ** ਤੋਂ ਲੈ ਕੇ ਸੰਗੀਤ ਵਿਚ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ। ਆਪਨੇ ਦਿੱਲੀ ਯੂਨੀਵਰਸਿਟੀ ਵਿਚ ਕੋਈ 35 ਸਾਲ ਦੇ ਕਰੀਬ ਬਤੌਰ ਸੀਨੀਅਰ ਪ੍ਰੋਫੈਸਰ ਨੌਕਰੀ ਕੀਤੀ ਅਤੇ ਅਨੇਕਾਂ ਵਿਦਿਆਰਥੀਆਂ ਨੂੰ ਸੰਗੀਤ ਦੀ ਵਿਦਿਆ ਦੀ ਸਿਖਲਾਈ ਦਿਤੀ ਹੈ।ਆਪ ਦਿੱਲੀ ਯੂਨੀਵਰਸਿਟੀ ਤੋਂ ਸੇਵਾ ਮੁਕਤ ਹੋ ਕੇ ਲਗਾਤਾਰ ਸੰਗੀਤ ਨਾਲ ਜੁੜੇ ਹੋਏ ਹਨ।ਇਹ ਵਿਰਾਸਤ ਫਾਊਂਡੇਸ਼ਨ ਦੇ ਸੱਦੇ ਤੇ ਕੈਨੇਡਾ ਆਏ  ਹਨ ।
ਪ੍ਰੋਗਰਾਮ ਦੀ ਸ਼ੁਰੂਆਤ ਰਾਣੀ ਸਿੰਘ ਨੇ ਸਭ ਨੂੰ ਜੀ ਆਇਆਂ ਆਖ ਕੇ ਕੀਤੀ।ਤੇ ਉਸਨੇ ਭੁਪਿੰਦਰ ਮੱਲ੍ਹੀ ਨੂੰ ਸਟੇਜ ਤੇ ਸੱਦਿਆ ਜਿਸ ਨੇ ਸਭ ਆਏ ਹੋਏ ਸਰੋਤਿਆਂ ਨੂੰ ਯਾਦਗਾਰੀ ਸੰਗੀਤ ਸਮਾਰੋਹ ਵਿਚ ਜੀ ਆਇਆਂ ਆਖਦੇ ਹੋਏ ਵਿਰਾਸਤ ਫਾਊਂਡੇਸ਼ਨ ਵਲੋਂ ਸਮੇਂ ਸਮੇਂ ਆਪਣੇ ਵਿਰਸੇ ਦੇ ਅਹਿਮ ਪਹਿਲੂਆਂ, ਬੋਲੀ, ਸਭਿਆਚਾਰ, ਸੰਗੀਤ ਆਦਿ ਬਾਰੇ ਪ੍ਰੋਗਰਾਮ  ਜੋ ਸਾਡੀ ਨਵੀਂ ਪੀੜ੍ਹੀ ਦੀ ਸ਼ਨਾਖ਼ਤ ਲਈ ਬਹੁਤ ਹੀ ਜਰੂਰੀ ਹਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਸੀਂ ਪੰਜਾਬੀ ਬੋਲੀ ਬਾਰੇ ਸੰਨ 2000 ਅਤੇ 2003 ਵਿਚ ਸਾਊਥ ਏਸ਼ੀਅਨ ਰੀਵੀਊ ਨਾਲ ਮਿਲ ਕੇ ਪ੍ਰਿੰਸ ਜਾਰਜ ਵਿਚ ਦੋ ਕਾਨਫ੍ਰੰਸਾਂ ਕੀਤੀਆਂ ਹਨ।ਜਿਨ੍ਹਾਂ ਦਾ ਮੁੱਖ ਵਿਸ਼ਾ ਪੰਜਾਬੀ ਬੋਲੀ ਪੰਜਾਬੀ ਕੌਮ ਤੇ ਪੰਜਾਬੀ ਦਰਸ਼ਨ ਰਹੇ ਹਨ।-ਸੰਨ 2002 ਵਿਚ ਪੰਜਾਬ ਘਰਾਣੇ ਦੇ ਮੁਖੀ ਉਸਤਾਦ ਲਛਮਣ ਸਿੰਘ ਸੀਨ ਅਤੇ 2004 ਵਿਚ ਦੁਨੀਆਂ ਦੇ ਚੋਟੀ ਦੇ  ਸਾਰੰਗੀ ਨਿਵਾਜ਼ ਉਸਤਾਦ ਸੁਲਤਾਨ ਖਾਨ ਦਾ ਸ਼ਾਨਦਾਰ ਪ੍ਰੋਗਰਾਮ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਤੇ ਉਨ੍ਹਾਂ ਦੀ ਸ਼ਾਨ ਵਿਚ ਬਹੁਤ ਹੀ ਸੁੰਦਰ ਸੌਵੀਨਾਰ ਰਿਲੀਜ਼ ਕੀਤੇ।ਇਸੇ ਤਰ੍ਹਾਂ ਦਿਲਬਾਗ ਸਿੰਘ ਤੇ ਗੁਲਬਾਗ ਸਿੰਘ, ਕਨਕਨਾ ਬੈਨਰਜੀ ਤੇ ਸਵੱਪਨ ਚੌਧਰੀ ਜੀ, ਗੁਰਦੇਵ ਸਿੰਘ ਤੇ ਸੰਜੂ ਸਹਾਏ ਜੀ ਦੇ ਸੰਗੀਤ  ਪ੍ਰੋਗਰਾਮ ਕੀਤੇ।

-ਹਾਲ ਹੀ ਵਿਚ ਪੰਜਾਬੀ ਕੌਮ ਦੇ ਮਹਾਨ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਦੀ ਯਾਦ ਵਿਚ ਕੈਨੇਡਾ ਦੇ ਤਿੰਨਾਂ ਸ਼ਹਿਰਾਂ ਵਿਚ ਸਰੀ, ਕੈਲਗਰੀ ਅਤੇ ਟਰੰਟੋ ਵਿਚ ਯਾਦਗਾਰੀ ਸਮਾਰੋਹ ਕੀਤੇ ਗਏ ਤੇ ਡਾ. ਕਰਨੈਲ ਸਿੰਘ ਜੀ ਦੁਆਰਾ ਸੰਪਾਦਿਤ ਕੀਤਾ **ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮ੍ਰਿਤੀ ਗ੍ਰੰਥ** ਰਿਲੀਜ਼ ਕੀਤਾ ਗਿਆ।ਇਹ ਸਾਡੇ ਵਲੋਂ ਆਪਣੇ ਵਿਰਸੇ ਨੂੰ ਸੰਭਾਲਣ ਲਈ ਇਹ ਇਕ ਛੋਟੀ ਜਿਹੀ ਕੋਸ਼ਿਸ਼ ਹੈ।

ਭੁਪਿੰਦਰ ਮੱਲ੍ਹੀ ਜੀ ਨੇ ਦੱਸਿਆ ਕਿ ਪੰਜਾਬੀ ਦਰਸ਼ਨ ਅਤੇ ਵਿਰਸੇ ਮੁਤਾਬਿਕ ਸੰਗੀਤ ਨਾਦ ਬ੍ਰਹਮ ਤੋਂ ਉਪਜਦਾ ਹੈ।ਉਹ ਨਾਦ ਬ੍ਰਹਮ ਜਿਸ ਤੋਂ ਸਾਰੀ ਕਾਇਨਾਤ ਅਤੇ ਸ੍ਰਿਸ਼ਟੀ ਵਜੂਦ ਵਿਚ ਆਉਂਦੀ ਹੈ ਅਤੇ ਆਪਣਾ ਜਲਵਾ ਦਿਖਾ ਕੇ ਬ੍ਰਹਮ ਵਿਚ ਇਕ ਬਾਰ ਫਿਰ ਲੀਨ ਹੋ ਜਾਂਦੀ ਹੈ। ਇਸ ਲਈ ਸੰਗੀਤ ਨੂੰ ਸਾਧਨਾ ਭੀ ਕਿਹਾ ਗਿਆ ਹੈ, ਕਿਉਂਕਿ ਇਸ ਨਾਲ ਅਸੀਂ ਤਨ, ਮਨ ਅਤੇ ਆਤਮਾ ਨੂੰ ਸਾਧਦੇ ਹਾਂ ਅਤੇ

ਗਿਆਨ ਪਾਉਂਦੇ ਹਾਂ। ਉਹ ਗਿਆਨ ਜੋ ਸਾਨੂੰ ਦੱਸਦਾ ਹੈ ਕੀ ਹੋ ਰਿਹਾ ਹੈ ਅਤੇ ਕੀ ਕਰਨ ਦੀ ਲੋੜ ਹੈ। ਪੰਜਾਬ ਦਾ ਸਾਰਾ ਵਿਰਸਾ ਸੰਗੀਤ ਚ ਹੀ ਬੰਨ੍ਹਿਆ ਹੋਇਆ ਹੈ। *ਪੰਜਾਬ ਦਾ ਇਕ ਲੋਕ ਗੀਤ ਕਹਿੰਦਾ ਹੈ:*

***ਪਿੱਪਲ ਗਾਵੇ, ਬੋਹੜ ਗਾਵੇ, ਗਾਵੇ ਹਰਿਆਲਾ ਤੂਤ***

***ਖੜ੍ਹ ਕੇ ਸੁਣ ਰਾਹੀਆ, ਤੇਰੀ ਰੂਹ ਹੋ ਜਾਊਗੀ ਸੂਤ।***

ਰਿਸ਼ੀਆਂ, ਮੁਨੀਆਂ, ਪੀਰਾਂ, ਫ਼ਕੀਰਾਂ, ਗਿਆਨੀਆ ਧਿਆਨੀਆਂ ਅਤੇ ਗੁਰੂਆਂ ਨੇ ਆਪਣਾ ਸੰਦੇਸ਼ ਅਤੇ ਗਿਆਨ ਸੰਗੀਤ ਰਾਹੀਂ ਹੀ ਸਾਡੇ ਤਾਂਈ ਪਹੁੰਚਾਇਆ ਹੈ। ਇਹ ਕੋਈ ਮਹਿਜ਼ ਇਤਫ਼ਾਕ ਦੀ ਗੱਲ ਨਹੀਂ ਕਿ ਗੁਰਬਾਣੀ ਭੀ ਰਾਗਾਂ ਵਿਚ ਹੀ ਹੈ। *ਰਾਗੁ ਨਾਦੁ ਸਭ ਸੱਚ ਹੈ ਕੀਮਤ ਕਹੀ ਨਾ ਜਾਏ। ਰਾਗੈ ਨਾਦੈ ਬਾਹਿਰੈ ਹੁਕਮਿ ਨਾ ਬੂਝਿਆ ਜਾਇ।।*

ਪੰਜਾਬ ਦੀ ਸੰਗੀਤ ਨੂੰ ਮਹਾਨ ਦੇਣ ਬਾਰੇ ਨਵੀਂ ਪੀੜੀ ਨੂੰ ਇਸ ਵਿਸ਼ੇ ਤੇ ਵਿਰਸੇ ਤੋਂ ਜਾਣੂ ਕਰਾਉਣ ਲਈ ਕੋਈ ਸਹੂਲਤ ਨਹੀਂ ਹੈ।ਕੁਝ ਸੰਗੀਤਕਾਰ ਅਤੇ ਸੰਗੀਤ ਪ੍ਰੇਮੀ ਜ਼ਾਤੀ ਤੌਰ ਤੇ ਇਹ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਦੇ ਇਹ ਉੱਦਮ ਕਾਬਲੇ ਤਾਰੀਫ਼ ਅਤੇ ਸਾਡੀ ਹਮਾਇਤ ਮੰਗਦੇ ਹਨ। ਪਰ ਸਾਨੂੰ ਇਸਦੇ ਨਾਲ ਹੀ ਇਹ ਉੱਦਮ ਭੀ ਕਰਨਾ ਚਾਹੀਦਾ ਹੈ ਕਿ ਸਾਡੇ ਦਰਸ਼ਨ ਅਤੇ ਵਿਰਸੇ ਦਾ ਭਰਪੂਰ ਜਲਵਾ ਸਰਕਾਰੀ ਅਦਾਰਿਆਂ ਰਾਹੀਂ ਸਾਂਭਿਆ ਅਤੇ ਸਿਖਾਇਆ ਜਾਵੇ। ਇਹ ਕੰਮ ਆਪਾਂ ਸਾਰੇ ਇਕੱਠੇ ਹੋਕੇ ਕਰ ਸਕਦੇ ਹਾਂ।ਉਨ੍ਹਾਂ ਨੇ ਅੱਜ ਦੇ ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਡਾ. ਅਜੀਤ ਸਿੰਘ ਪੈਂਤਲ ਸਾਹਿਬ ਦਾ ਇਥੇ ਆਉਣ ਲਈ ਧੰਨਵਾਦ ਕੀਤਾ।

ਡਾ. ਅਜੀਤ ਸਿੰਘ ਪੈਂਤਲ ਨਾਲ ਤਬਲੇ ਉੱਤੇ ਸੰਗਤ ਵਿਰਾਸਤ ਫਾਊਂਡੇਸ਼ਨ ਦੇ ਜਸਪਾਲ ਸਿੰਘ ਰੰਧਾਵਾ ਜਿਨ੍ਹਾ ਨੇ ਤਬਲੇ ਦੀ ਤਾਲੀਮ ਪੰਜਾਬ ਘਰਾਣੇ ਦੇ ਉਸਤਾਦ ਲਛਮਣ ਸਿੰਘ ਸੀਨ ਜੀ ਦੇ ਸ਼ਗਿਰਦ ਪ੍ਰੋ. ਤਰਲੋਕ ਸਿੰਘ ਜੀ ਤੋਂ ਲਈ ਅਤੇ ਅੱਜਕਲ ਉਹ ਉਸਤਾਦ ਸੁਲਤਾਨ ਖਾਨ ਜੀ ਤੋਂ ਸਾਰੰਗੀ ਸਿਖ ਰਹੇ ਹਨ ਅਤੇ ਹਾਰਮੋਨੀਅਮ ਉੱਤੇ ਦਵਿੰਦਰ ਹੁੰਦਲ ਕਰ ਰਹੇ ਸਨ ਜੋ ਲੰਮੇ ਸਮੇਂ ਤੋਂ ਸੰਗੀਤ ਨਾਲ ਜੁੜੇ ਹੋਏ ਹਨ ਅਤੇ ਅਨੇਕਾਂ ਵਿਦਿਆਰਥੀਆਂ ਨੂੰ ਸੰਗੀਤ ਸਿਖਾ ਰਹੇ ਹਨ।ਪੈਂਤਲ ਸਾਹਿਬ ਨੇ ਪ੍ਰੋਗਰਾਮ ਦੀ ਸ਼ੁਰੂਆਤ ***ਰਾਗ ਭੀਮ ਪਲਾਸੀ*** ਦੀ ਪ੍ਰਾਚੀਨ ਬੰਦਸ਼ "***ਜਾ ਜਾ ਰੇ ਅਪਨੇ ਮੰਦਰ ਵਾ*** " ਦਾ ਗਾਇਨ ਕਰਕੇ ਕੀਤੀ। ਹਿੰਦੁਸਤਾਨੀ ਸੰਗੀਤ ਦੇ 5000 ਸਾਲ ਪੁਰਾਣੇ ਇਤਿਹਾਸ ਤੇ ਰਾਗਾਂ ਦੀ ਮਹੱਤਤਾ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦੇ ਨਾਲ ਨਾਲ ਇਸਦੇ ਵਿਕਾਸ ਬਾਰੇ ਭਰਪੂਰ ਚਾਨਣਾ ਪਾਇਆ। ਵੱਖ ਵੱਖ ਰਾਗਾਂ ਦਾ ਗਾਇਨ ਕਰਕੇ ਉਸਦੇ ਅਰੋਹ ਅਵਰੋਹ, ਤਾਨ, ਪਲਟਾ ਤੇ ਸਰਗਮ ਦਾ ਨਮੂਨਾ ਦਿਤਾ। ਸੁਰ ਤੇ ਤਾਲ ਦਾ ਸੁਮੇਲ ਕਿਸ ਤਰ੍ਹਾਂ ਹੈ ਦੀ ਜਾਣਕਾਰੀ ਦਿੱਤੀ। ਖਚਾ ਖੱਚ ਭਰਿਆ ਹਾਲ ਮੰਤਰ ਮੁਗਧ ਹੋਇਆ ਪਿਆ ਸੀ ਜਿਸ ਜਿਸ ਤਰ੍ਹਾਂ ਪੈਂਤਲ ਸਾਹਿਬ ਰਾਗਾਂ ਦਾ ਗਾਇਨ ਕਰਕੇ ਨਮੂਨਾ ਪੇਸ਼ ਕਰ ਰਹੇ ਸਨ ਸਰੋਤੇ ਵਾਹ ਵਾਹ ਕਰ ਰਹੇ ਸਨ। ਉਨ੍ਹਾਂ ਨੇ ਪ੍ਰੋਗਰਾਮ ਦੇ ਦੂਸਰੇ ਹਿੱਸੇ ਵਿਚ ਪੰਜਾਬ ਦੀ ਹਿੰਦੁਸਤਾਨੀ ਸੰਗੀਤ ਨੂੰ ਦੇਣ ਬਾਰੇ ਗੱਲ ਕਰਦੇ ਹੋਏ ਪੰਜਾਬ ਦੀਆਂ ਬਹੁਤ ਸਾਰੀਆਂ ਇਤਿਹਾਸਕ ਗੱਲਾਂ ਤੇ ਚਾਨਣਾਂ ਪਾਇਆ।ਪੰਜਾਬ ਦੀ ਇਕ ਬਹੁਤ ਹੀ ਪੁਰਾਣੀ ***ਰਾਗ ਜੌਨਪੁਰੀ*** ਦੀ ਬੰਦਸ਼ "***ਮੇਰਾ ਤਨ ਮਨ ਧੰਨ ਰਾਂਝੇ ਦੇ ਨਾਲ। ਮੈਨੂੰ ਜੋਰਾ ਜੋਰੀ ਤੋਰੀ ਜਾਂਦੇ ਖੇੜਿਆਂ ਦੇ ਨਾਲ।***" ਇਸ ਤੋਂ ਬਾਅਦ ਇਕ ਬਹੁਤ ਹੀ ਖੂਬਸੂਰਤ ***ਰਾਗ ਮਾਲਕੌਂਸ*** ਦੀ ਬੰਦਸ਼ " ***ਜਾਣਾਂ ਤੇਰੇ ਨਾਲ ਵੇ ਮੈਂ ਜਾਣਾਂ ਤੇਰੇ ਨਾਲ।ਛੱਡ ਕੇ ਨਾ ਜਾਵੀਂ ਮੈਨੂੰ ਜਾਣਾਂ ਤੇਰੇ ਨਾਲ***" ਇਕ ਹੋਰ ਬੰਦਸ਼ ***ਰਾਗ ਕੁਕਭ ਬਿਲਾਵਲ "ਤੇਰੇ ਮਿਲਨ ਦਾ ਚਾਅ ਵੇ ਸਈਓ ਮੈਨੂੰ" –ਰਾਗ ਜੋਗੀਆ " ਏਹ ਨੀਂ ਏਹ ਨੀਂ ਚੜਖੜਾ ਮੈਨੂੰ ਭਾਂਦਾ" – ਰਾਗ ਰਾਮਕਲੀ " ਰੱਬ ਗਰੀਬ ਨਿਵਾਜ਼" – ਰਾਗ ਤੋੜੀ " ਨੀ ਮੈਂ ਮਸਲਤ ਪੁੱਛਦੀ ਆਂ ਤੁਸਾਂ ਨੂੰ" – ਰਾਗ ਗੌਂਡ ਸਾਰੰਗ "ਓਹ ਯਾਰ ਨਜ਼ਰ ਨਹੀਂ ਆਂਵਦਾਂ" ਤੇਂਡੇ ਰੇ ਵੇਖਣ ਦਾ ਚਾਅ ਘਨਾ"*** ਇਸ ਤਰ੍ਹਾਂ ਦੀਆਂ ਪੰਜਾਬੀ ਦੇ ਖਿਆਲ ਦੀਆਂ ਅਨੇਕਾਂ ਪਰੰਪਰਿਕ ਬੰਦਿਸ਼ਾਂ ਗਾ ਕੇ ਪੈਂਤਲ ਸਾਹਿਬ ਨੇ ਕੋਈ ਚਾਰ ਘੰਟਿਆਂ ਤੀਕ ਸਰੋਤਿਆਂ ਨੂੰ ਕੀਲ ਕੇ ਰੱਖਿਆ ਹੋਇਆ ਸੀ।

ਇਹ ਵੈਨਕੂਵਰ ਤੇ ਆਸ ਪਾਸ ਦੇ ਨਿਵਾਸੀਆਂ ਲਈ ਪਹਿਲਾਂ ਮੌਕਾ ਸੀ ਕਿ, ਉਨ੍ਹਾਂ ਨੂੰ ਇਸ ਤਰ੍ਹਾਂ ਦਾ ਸੰਗੀਤ ਸੁਣਨ ਨੂੰ ਮਿਲਿਆ। ਸਮਾਗਮ ਵਿਚ ਸਭ ਲੋਕ ਪ੍ਰਬੰਧਕਾਂ ਦਾ ਇਸ ਖ਼ੂਬਸੂਰਤ ਪ੍ਰੋਗਰਾਮ ਨੂੰ ਆਯੋਜਿਤ ਕਰਨ ਲਈ ਬਾਰ ਬਾਰ ਧੰਨਵਾਦ ਕਰ ਰਹੇ ਸਨ। ਪ੍ਰੋਗਰਾਮ ਵਿਚ ਵੈਨਕੂਵਰ ਦੇ ਉੱਘੇ ਸੰਗੀਤਕਾਰ ਸ੍ਰੀ ਬਲਬੀਰ ਸਿੰਘ ਭੰਗੂ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਪੈਂਤਲ ਸਾਹਿਬ ਨੂੰ ਵਿਰਾਸਤ ਫਾਊਂਡੇਸ਼ਨ ਵਲੋਂ ਪੈਂਤਲ ਸਾਹਿਬ ਨੂੰ ਇਕ ਪ੍ਰਸੰਸਾ ਚਿੰਨ੍ਹ ਦੇ ਕੇ ਨਿਵਾਜਿਆ। ਭੁਪਿੰਦਰ ਮੱਲ੍ਹੀ ਨੇ ਕਿਹਾ ਅਸੀਂ ਇਸ ਤਰ੍ਹਾਂ ਦੇ ਕੰਮਾਂ ਨੂੰ ਲੋਕਾਂ ਵਿਚ ਪ੍ਰਚਾਰਨਾ ਇਕ ਸਿਰਜਣਾਤਮਿਕ ਕਦਮ ਸਮਝਦੇ ਹਾਂ। ਅਸੀਂ ਇਸ ਮੌਕੇ ਤੇ ਪਹੁੰਚੇ ਹਰ ਦਾਨਿਸ਼ਵਰ, ਚਿੰਤਕ, ਦੋਸਤ ਅਤੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਇਸ ਸਮਾਗਮ ਦੇ ਹਿੱਸੇ ਪਾਇਆ ਹੈ। ਮੀਡੀਏ ਵਿਚ ਟੀ.ਵੀ., ਰੇਡੀਓ ਅਤੇ ਸਭ ਪੰਜਾਬੀ ਅਤੇ ਅੰਗਰੇਜ਼ੀ ਅਖ਼ਬਾਰਾਂ ਦਾ ਧੰਨਵਾਦ ਜਿਨ੍ਹਾਂ ਇਸ ਸਮਾਗਮ ਦਾ ਸਨੇਹਾ ਲੋਕਾਂ ਤਕ ਪਹੁੰਚਾਉਣ ਵਿਚ ਸਾਡੀ ਮਦਦ ਕੀਤੀ ਹੈ। ਸਭ ਦੇ ਸਹਿਯੋਗ ਦਾ ਬਹੁਤ ਬਹੁਤ ਧੰਨਵਾਦ। ਤੁਹਾਡਾ ਸਹਿਯੋਗ ਹੀ ਸਾਡਾ ਉਤਸ਼ਾਹ ਹੈ ਆਓ ਰਲ ਕੇ ਇਸ ਕੰਮ ਨੂੰ ਅੱਗੇ ਤੋਰੀਏ। ਸਾਨੂੰ ਪੂਰੀ ਆਸ ਹੈ ਕਿ ਅੱਜ ਦਾ ਇਹ ਸੰਗੀਤ ਸਮਾਰੋਹ ਲੋਕਾਂ ਦੇ ਮਨਾਂ ਵਿਚ ਲੰਮੇ ਸਮੇਂ ਤੱਕ ਇਕ ਸੁਹਣੀ ਯਾਦ ਬਣ ਕੇ ਰਹੇਗਾ। ਆਪ ਸਭ ਦਾ ਹਾਰਦਿਕ ਸੁਆਗਤ! ਜੀਵੇ ਪੰਜਾਬ! ਭਰ ਤਾੜੀਆਂ ਦੀ ਗੂੰਜ ਵਿਚ ਪ੍ਰੋਗਰਾਮ ਸਮਾਪਤ ਹੋਇਆ।